# ਅਮਰੀਕਾ ਨਾਲ ਐਟਮੀ ਸਮਝੌਤੇ ਦੇ ਖ਼ਿਲਾਫ਼ ਪਾਰਲੀਮੈਂਟ ਵਿਚ ਸ਼ੋਰ ਸ਼ਰਾਬਾ

ਹਿੰਦੁਸਤਾਨ ਦੀ ਯੂ.ਪੀ.ਏ ਸਰਕਾਰ ਦੇ ਅਮਰੀਕਾ ਨਾਲ ਪਰਮਾਣੂ ਸਮਝੌਤੇ ਬਾਰੇ ਲੋਕ ਸਭਾ ਅਤੇ ਰਾਜ ਸਭਾ ਵਿਚ ਭਾਜਪਾ, ਐਸ.ਪੀ ਅਤੇ ਹੋਰਨਾਂ ਪਾਰਟੀਆਂ ਨੇ ਅੱਜ ਕੱਲ ਬੜਾ ਰੌਲਾ ਪਾਇਆ ਹੋਇਆ ਹੈ। ਇਸ ਮਾਮਲੇ ਵਿਚ ਸੀ.ਪੀ.ਆਈ ਤੇ ਸੀ.ਪੀ.ਐਮ ਵੀ ਕਿਸੇ ਤੋਂ ਪਿਛੇ ਨਹੀਂ ਹਨ । ਸੀ.ਪੀ.ਐਮ ਦੀ ਕੇਂਦਰੀ ਕਮੇਟੀ ਨੇ ਵੀ ਇਸ ਸਮਝੌਤੇ ਦੇ ਖ਼ਿਲਾਫ਼ ਬਿਆਨ ਜਾਰੀ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਇਸ ਪਰਮਾਣੂ ਸਮਝੌਤੇ ਨਾਲ ਅਤੇ ਅਮਰੀਕਾ ਨਾਲ ਹੋਰ ਫੌਜੀ ਤਾਲਮੇਲ ਤੇ ਤਅੱਲਕਾਤ ਬਣਾ ਕੇ ਹਿੰਦੁਸਤਾਨ ਅਮਰੀਕਾ ਦੇ ਬਹੁਤਾ ਨੇੜੇ ਹੁੰਦਾ ਜਾ ਰਿਹਾ ਹੈ ਜਿਸਦੇ ਨਤੀਜੇ ਹਿੰਦੁਸਤਾਨ ਦੇ ਲੋਕਾਂ ਲਈ ਅਤੇ ਏਸ਼ੀਆ ਲਈ ਖ਼ਤਰਨਾਕ ਸਾਬਤ ਹੋ ਸਕਦੇ ਹਨ। ਇਸਦੇ ਨਾਲ ਹੀ ਸੀ.ਪੀ.ਐਮ ਨੇ ਅਮਰੀਕਾ ਨਾਲ ਫੌਜੀ ਮਸ਼ਕਾਂ ਦੇ ਖ਼ਿਲਾਫ਼ ਵੀ ਜਥੇ ਭੇਜਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਲੇਕਿਨ ਲੋਕ ਸਭਾ ਦੇ ਸਪੀਕਰ ਸੋਮਨਾਥ ਚੈਟਰਜੀ ਨੇ ਕਿਹਾ ਹੈ ਕਿ ਹਿੰਦੁਸਤਾਨ ਦੀ ਪਾਰਲੀਮੈਂਟ ਨੂੰ ਇੰਟਰਨੈਸ਼ਨਲ ਸਮਝੌਤਿਆਂ ਤੇ ਵਿਚਾਰ ਕਰਨ ਦਾ ਕੋਈ ਅਖ਼ਤਿਆਰ ਹੀ ਨਹੀਂ ਹੈ। ਉਹ ਨੇ ਕਿਹਾ ਕਿ ਪਿਛਲੇ 57 ਸਾਲਾਂ ਵਿਚ ਅੱਜ ਤੱਕ ਪਾਰਲੀਮੈਂਟ ਨੇ ਸਰਕਾਰ ਵਲੋਂ ਕੀਤੇ ਗਏ ਕਿਸੇ ਵੀ ਇੰਟਰਨੈਸ਼ਨਲ ਸਮਝੌਤੇ ਤੇ ਕਦੇ ਨਜ਼ਰਸਾਨੀ ਨਹੀਂ ਸੀ ਕੀਤੀ ਤਾਂ ਹੁਣ ਕੀ ਲੋਹੜਾ ਆ ਗਿਆ ਹੈ ਕਿ ਪਾਰਲੀਮੈਂਟ ਦੀ ਨਜ਼ਰਸਾਨੀ ਦੀ ਮੰਗ ਕੀਤੀ ਜਾ ਰਹੀ ਹੈ।

ਸਿਆਸੀ ਪੰਡਤ ਕਿਆਸ ਲਾ ਰਹੇ ਹਨ ਕਿ ਯੂ.ਪੀ.ਏ ਦੀ ਸਰਕਾਰ ਕੋਲ ਪਾਰਲੀਮੈਂਟ ਵਿਚ ਇਸ ਸਮਝੌਤੇ ਨੂੰ ਪਾਸ ਕਰਵਾਉਣ ਜੋਗੇ ਵੋਟ ਨਹੀਂ ਤੇ ਹੋ ਸਕਦਾ ਹੈ ਕਿ ਇਸ ਮਾਮਲੇ ਵਿਚ ਸਰਕਾਰ ਦੀ ਹਾਰ ਹੋਵੇ ਤੇ ਨਵੇਂ ਸਿਰੇ ਤੋਂ ਚੋਣਾਂ ਕਰਵਾਉਣੀਆਂ ਪੈ ਜਾਣ। ਇਹ ਵੀ ਕਿਹਾ ਜਾਂਦਾ ਹੈ ਕਿ ਸੀ.ਪੀ.ਐਮ ਵੀ ਕੇਂਦਰੀ ਸਰਕਾਰ ਦੀ ਹਾਰ ਕਰਵਾ ਕੇ ਨਵੀਂਆਂ ਚੋਣਾਂ ਦੇ ਪੱਖ ਵਿਚ ਨਹੀਂ ਹੈ ਕਿਉਂਕਿ ਨੰਦੀਗਰਾਮ ਅਤੇ ਸਿੰਗੂਰ ਦੀਆਂ ਘਟਨਾਵਾਂ ਦੇ ਬਾਅਦ ਇਸ ਨੂੰ ਕਾਫ਼ੀ ਸੀਟਾਂ ਹਾਰਨ ਦਾ ਖ਼ਤਰਾ ਬਣ ਗਿਆ ਹੈ। ਭਾਜਪਾ ਅਤੇ ਐਸ.ਪੀ ਇਸ ਰੌਲੇ ਗੌਲੇ ਵਿਚ ਆਪਣਾ ਮੁਫ਼ਾਦ ਦੇਖ ਰਹੇ ਹਨ ਅਤੇ ਮੁੱਛਾਂ ਤੇ ਤਾਅ ਦੇ ਰਹੇ ਹਨ ਕਿ ਸ਼ਾਇਦ ਕੇਂਦਰੀ ਸਰਕਾਰ ਡਿਗਣ ਨਾਲ ਉਨ੍ਹਾਂ ਦਾ ਸਰਕਾਰ ਬਣਾਉਣ ਦਾ ਦਾਅ ਲੱਗ ਜਾਵੇ। ਇਸ ਲਈ ਹੁਣ ਬੀ.ਜੇ.ਪੀ ਆਪਣੇ ਆਪ ਨੂੰ ਅਮਰੀਕਾ ਵਿਰੋਧੀ ਰੰਗ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਲੋਕਾਂ ਨੂੰ ਇਸ ਅਸਲੀਅਤ ਦਾ ਭਲੀ ਭਾਂਤ ਪਤਾ ਹੈ।

ਆਮ ਲੋਕ ਅਮਰੀਕਾ ਨਾਲ ਇਸ ਐਟਮੀ ਸਮਝੌਤੇ ਅਤੇ ਹੋਰ ਫੌਜੀ ਸਮਝੌਤਿਆਂ ਦੇ ਬਿਲਕੁਲ ਖ਼ਿਲਾਫ਼ ਹਨ ਪਰ ਉਨ੍ਹਾਂ ਦੀ ਕੋਈ ਵਾਹ ਨਹੀਂ ਚਲਦੀ। ਪਾਰਲੀਮੈਂਟ ਦੀ ਕੋਈ ਵੀ ਸਿਆਸੀ ਪਾਰਟੀ ਲੋਕ ਪੱਖੀ ਨਹੀਂ ਹੈ। ਇਹ ਸਾਰੀਆਂ ਪਾਰਟੀਆਂ ਕੁਝ ਦਿਨ ਰੌਲਾ ਪਾ ਕੇ ਹਟ ਜਾਣਗੀਆਂ ਅਤੇ ਇਹ ਸਮਝੌਤਾ ਅਤੇ ਲੋਕਾਂ ਦੇ ਖ਼ਿਲਾਫ਼ ਹੋਰ ਸਮਝੌਤੇ ਅਤੇ ਕਾਨੂੰਨ ਇਹ ਪਾਰਲੀਮੈਂਟ ਅਤੇ ਸਰਕਾਰ ਵੀ ਉਂਜ ਹੀ ਪਾਸ ਕਰਦੀ ਰਹੇਗੀ ਜਿਵੇਂ ਪਿਛਲੇ 60 ਸਾਲਾਂ ਤੋਂ ਹੁੰਦਾ ਆ ਰਿਹਾ ਹੈ।

ਇਸਦੀ ਵਜ੍ਹਾ ਇਹ ਹੈ ਕਿ ਹਿੰਦੁਸਤਾਨ ਦੀਆਂ ਹਾਕਮ ਜਮਾਤ ਦਾ ਇਕ ਤਾਕਤਵਰ ਧੜਾਂ ਇਸ ਐਟਮੀ ਸਮਝੌਤੇ ਦੇ ਹੱਕ ਵਿਚ ਹੈ। ਉਹ ਸਮਝਦੇ ਹਨ ਕਿ ਇਸ ਐਟਮੀ ਸਮਝੌਤੇ ਨਾਲ ਉਹ ਕਰੋੜਾਂ ਡਾਲਰਾਂ ਦੇ ਮੁਨਾਫ਼ੇ ਕਮਾਉਣਗੇ। ਇਸ ਕਰਕੇ ਉਹ ਇਸ ਵੇਲੇ ਅਮਰੀਕਾ ਨਾਲ ਫੌਜੀ ਅਤੇ ਹੋਰ ਤਰ੍ਹਾਂ ਦੀ ਨੇੜਤਾ ਕਰਕੇ ਲੋਕਾਂ ਦੀਆਂ ਜੱਦੋ-ਜਹਿਦ ਨੂੰ ਕੁਚਲਨਾ ਚਾਹੁੰਦੇ ਹਨ ਅਤੇ ਕੁਚਲ ਰਹੇ ਹਨ। ਮਿਸਾਲ ਦੇ ਤੌਰ ਤੇ ਅਮਰੀਕਾ ਦੇ ਫੌਜੀ ਮੀਜ਼ੋਰਾਮ ਦੇ ਜੰਗਲਾਂ ਵਿਚ ਹਿੰਦੁਸਤਾਨ ਦੀ ਫੌਜ ਨਾਲ ਰਲ ਕੇ ਮੀਜ਼ੋ ਲੋਕਾਂ ਦੇ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਐਟਮੀ ਸਮਝੌਤੇ ਬਾਰੇ ਪਾਰਲੀਮੈਂਟ ਵਿਚ ਮੱਚਿਆ ਸ਼ੋਰ ਇਕ ਵਾਰ ਫਿਰ ਇਹ ਗੱਲ ਸਾਫ਼ ਕਰਦਾ ਹੈ ਕਿ ਇਹ ਪਾਰਲੀਮੈਂਟ ਹਿੰਦੁਸਤਾਨ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲਾ ਅਦਾਰਾ ਨਹੀਂ ਬਲਕਿ ਹਾਕਮ ਜਮਾਤਾਂ ਦੇ ਹਿੱਤਾਂ ਦਾ ਰੌਲਾ ਲੱਪਾ ਪਾਉਣ ਦੀ ਸਭਾ ਹੈ। ਪਾਰਲੀਮੈਂਟ ਅਤੇ ਸਰਕਾਰਾਂ ਲੋਕਾਂ ਦੇ ਹੱਕ ਦੀ ਗੱਲ ਕਰ ਹੀ ਨਹੀਂ ਸਕਦੇ ਕਿਉਂਕਿ ਲੋਕਾਂ ਦੇ ਮਸਲਿਆਂ ਦੇ ਹੱਲ ਵਿਚ ਇਨ੍ਹਾਂ ਦੀ ਕੋਈ ਦਿਲਚਸਪੀ ਹੀ ਨਹੀਂ ਹੈ।

ਇਹ ਬਸਤੀਵਾਦੀ ਲਿਬਰਲ ਡੈਮੋਕ੍ਰੇਸੀ ਅਤੇ ਇਹ ਪਾਰਲੀਮੈਂਟ ਦਾ ਅਦਾਰਾ ਅੱਜ ਦੇ ਹਾਲਾਤ ਨਾਲ ਅਤੇ ਲੋਕਾਂ ਦੀ ਲੋੜਾਂ ਨਾਲ ਮੇਲ ਨਹੀਂ ਖਾਂਦੇ। ਅੱਜ ਦੀ ਲੋੜ ਪਰਜਾ ਰਾਜ ਕਾਇਮ ਕਰਕੇ ਲੋਕਾਂ ਨੂੰ ਆਪ ਖੁਦ ਹਾਕਮ ਬਣਨ ਦੀ ਲੋੜ ਹੈ। ਐਟਮੀ ਸਮਝੌਤੇ ਬਾਰੇ ਪਾਰਲੀਮੈਂਟ ਵਿਚ ਪੈਂਦਾ ਰੌਲਾ ਇਸ ਲੋੜ ਨੂੰ ਇਕ ਬਾਰ ਫਿਰ ਸਾਫ ਤੌਰ ਤੇ ਪੇਸ਼ ਕਰਦਾ ਹੈ।